

## ਤਰਲ ਪਦਾਰਥ ਡੁੱਲਣ ਤੋਂ ਬਚਾਉਣੇ

ਤੇਲ ਮੀਂਹ ਦੇ ਨਾਲਿਆਂ ਵਿੱਚ ਨਹੀਂ ਜਾਣ ਦੇਣਾ ਚਾਹੀਦਾ। ਘੁਲਣ ਅਤੇ ਪੇਂਟ ਨੂੰ ਪਤਲਾ ਕਰਨ ਵਾਲੇ ਪਦਾਰਥਾਂ ਨੂੰ ਅੱਗ ਲੱਗ ਸਕਦੀ ਹੈ ਓਤੇ ਉਹਨਾਂ ਨੂੰ ਸੀਵਰੇਜਾਂ ਜਾਂ ਪਾਈਪਾਂ ਵਿੱਚ ਨਹੀਂ ਜਾਣ ਦੇਣਾ ਚਾਹੀਦਾ। ਲੱਕੜ ਦੇ ਟੁਕੜੇ, ਪੇਂਟ ਅਤੇ ਦੂਸਰੇ ਰਸਾਇਣ ਵੀ ਵਾਤਾਵਰਣ ਲਈ ਜ਼ਹਿਰੀਲੇ ਅਤੇ ਨੁਕਸਾਨਦਾਇਕ ਹੋ ਸਕਦੇ ਹਨ ਇਸਲਈ ਉਹਨਾਂ ਨੂੰ ਵੀ ਨਾਲਿਆਂ ਵਿੱਚ ਨਹੀਂ ਜਾਣ ਦੇਣਾ ਚਾਹੀਦਾ।

ਤੇਲ ਡੁੱਲਣ ਦੀ ਹਾਲਤ ਨਾਲ ਨਜਿੱਠਣ ਲਈ ਤਿਆਰ ਰਹੋ। ਇੱਕ ਅਜਿਹੀ ਕਿੱਟ ਤਿਆਰ ਕਰੋ ਜਿਸ ਵਿੱਚ ਤੇਲ ਨੂੰ ਚੂਸਣ ਵਾਲੀਆਂ ਚੀਜ਼ਾਂ ਹੋਣ, ਆਪਣੇ ਕੰਮ ‘ਤੇ ਵਰਤਣ ਵਾਲੀਆਂ ਯੋਗ ਚੀਜ਼ਾਂ ਵਰਤੋ। ਆਪਣੇ ਕਰਮਚਾਰੀਆਂ ਨੂੰ ਵੀ ਡੁੱਲੇ ਤੇਲ ਨੂੰ ਸਾਂਭਣ ਦੀ ਸਿਖਲਾਈ ਦਿਓ।

ਕਿਸੇ ਹਾਦਸੇ ਕਾਰਣ ਤੇਲ ਡੁੱਲਣ ਦੀ ਹਾਲਤ ਵਿੱਚ ਤੁਰੰਤ ਪ੍ਰੋਵਿੰ-ਸ਼ੀਅਲ ਐਮਰਜੈਂਸੀ ਪ੍ਰੋਗਰਾਮ (ਫਓਫ) ਨੂੰ 1.800.663.3456 ‘ਤੇ ਫੋਨ ਕਰੋ। ਪਰ ਜੇਕਰ ਤੇਲ ਅੱਗ ਲੱਣ ਯੋਗ, ਜ਼ਹਿਰੀਲਾ, ਖਾਰਾ ਜਾਂ ਖ਼ਤਰਨਾਕ ਹੈ ਤਾਂ ਤੁਰੰਤ ਸਰੀ ਫਾਇਰ ਡਿਪਾਰਟਮੈਂਟ ਨੂੰ 911 ‘ਤੇ ਫੋਨ ਕਰੋ।

ਜੇਕਰ ਕੋਈ ਵੀ ਵਿਅਕਤੀ ਮੀਂਹ ਦੇ ਨਾਲਿਆਂ ਨੂੰ ਗੰਦਾ ਕਰਦੇ ਹਨ, ਉਹਨਾਂ ‘ਤੇ ਵਾਤਾਵਰਣ ਸੰਬੰਧੀ ਇਹਨਾਂ ਕਾਨੂੰਨਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀਸੀ ਹੈਜ਼ਰਡਸ ਵੇਸਟ ਰੈਗੂਲੇਸ਼ਨ
- ਬੀਸੀ ਐਨਵਾਇਰਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਇਲਾਅ ਨੰਬਰ16610



ਮੀਂਹ ਦੇ ਨਾਲਿਆਂ ‘ਤੇ ਲੱਗੇ ਨਿਸ਼ਾਨ ਸਾਨੂੰ ਯਾਦ ਕਰਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਵਾਤਾਵਰਣ ਨਾਲ ਜੁੜ ਹੋਏ ਹਾਂ।

## ਵਧੇਰੇ ਜਾਣਕਾਰੀ ਲਈ

ਆਰਸੀਬੀਸੀ ਰੀਸਾਈਕਲ ਹੌਟਲਾਈਨ
604.732.9253

ਪ੍ਰੋਡਕਟ ਕੇਅਰ ਐਸੋਸੀਏਸ਼ਨ
604.592.2972
www.productcare.org

ਮੈਟਰੋ ਵੈਨਕੂਵਰ
ਏਅਰ ਕੁਆਲਟੀ ਐਂਡ ਸੋਰਸ ਕੰਟਰੋਲ
604.436.6777

ਸਿਟੀ ਆਫ਼ ਸਰੀ
ਡਰੇਨੇਜ ਐਂਡ ਐਨਵਾਇਰਮੈਂਟਲ ਸੈਕਸ਼ਨ
604.591.4321

ਸਰੀ ਫਾਇਰ ਡਿਪਾਰਟਮੈਂਟ
604.543.6760

ਬੀ ਸੀ ਮਨਿਸਟਰੀ ਆਫ਼ ਐਨਵਾਇਰਮੈਂਟ
604.582.5200

ਜੇਕਰ ਤੁਸੀਂ ਕਿਸੇ ਨੂੰ ਮੀਂਹ ਦੇ ਨਾਲਿਆਂ ਵਿਚ ਤੇਲ ਜਾਂ ਰਸਾਇਣ ਪਾਉਂਦੇ ਵੇਖਦੇ ਹੋ ਤਾਂ ਕ੍ਰਿਪਾ ਕਰਕੇ ਸਿਟੀ ਆਫ਼ ਸਰੀ ਦੇ ਇੰਜ-ਨੀਅਰਿੰਗ ਵਿਭਾਗ ਨੂੰ 604-590-7226 ਅਤੇ 4:30 ਤੋਂ ਬਾਅਦ 604-591-4431 ‘ਤੇ ਸੰਪਰਕ ਕਰੋ।

09293

www.surrey.ca

CITY OF SURREY

# ਲੱਕੜ ਨੂੰ ਰੰਗਣਾ ਅਤੇ ਉਸਦਾ ਸਮਾਨ ਬਣਾਉਣਾ

ਮੀਂਹ ਦੇ ਨਾਲਿਆਂ ਦਾ ਪ੍ਰਦੂਸ਼ਣ ਰੋਕ ਕੇ ਆਪਣੇ ਪਾਣੀ ਦੇ ਜੀਆਂ ਦੀ ਰੱਖਿਆ ਕਰੋ।



# ਲੱਕੜ ਦਾ ਫਰਨੀਚਰ ਰੰਗਣਾ ਅਤੇ ਬਣਾਉਣਾ

ਫਿਲਰ, ਸੀਲਰ, ਸਟੇਨਰ, ਸ਼ੈਲਾਕਸ, ਵਾਰਨਿਸ਼, ਰੋਗਣ, ਪੇਂਟ, ਘੁਲਣਸ਼ੀਲ ਪਦਾਰਥ, ਪੇਂਟ ਪਤਲਾ ਕਰਨ ਵਾਲੇ ਪਦਾਰਥ, ਪੇਂਟ ਦੇ ਦਾਗ ਉੱਤਾਰਣ ਵਾਲੇ ਤੇਲ ਅਤੇ ਗੂੰਦ ਕੁਝ ਅਜਿਹੀਆਂ ਚੀਜ਼ਾਂ ਹਨ ਜਿਹੜੀਆਂ ਲੱਕੜ ਦਾ ਸਮਾਨ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਇਹ ਸਾਰੀਆਂ ਵਾਤਾਵਰਣ ਲਈ ਹਾਨੀਕਾਰਕ ਹੋ ਸਕਦੀਆਂ ਹਨ ਅਤੇ ਇਹਨਾਂ ਨੂੰ ਮੀਂਹ ਦੇ ਨਾਲਿਆਂ ਵਿੱਚ ਨਹੀਂ ਜਾਣ ਦੇਣਾ ਚਾਹੀਦਾ। ਬਿਨਾਂ ਕਿਸੇ ਮਿਲਾਵਟ ਵਾਲਾ ਇਹਨਾਂ ਨਾਲਿਆਂ ਦਾ ਪਾਣੀ ਸਥਾਨਕ ਨਦੀਆਂ ਅਤੇ ਨਾਲਿਆਂ ਵਿੱਚ ਜਾ ਰਲਦਾ ਹੈ। ਸਰੀ ਵਿੱਚ 1500 ਕਿਲੋਮੀਟਰ ਤੋਂ ਵੱਧ ਲੰਬੀਆਂ ਅਤੇ ਖੁੱਲੀਆਂ ਨਦੀਆਂ ਅਤੇ ਨਾਲੇ ਹਨ। ਇਹਨਾਂ ਨਦੀਆਂ ਅਤੇ ਨਾਲਿਆਂ ਦਾ ਜਾਲ ਸੈਮਨ, ਟਰਾਉਟ ਅਤੇ ਪਾਣੀ ਦੇ ਦੂਜੇ ਜੀਵਾਂ ਨੂੰ ਕੁਦਰਤੀ ਰਿਹਾਇਸ਼ ਪਰਦਾਨ ਕਰਦਾ ਹੈ।

ਇਸ ਜਾਣਕਾਰੀ ਦੀ ਵਰਤੋਂ ਕਿਸਨੂੰ ਕਰਨੀ ਚਾਹੀਦੀ ਹੈ?

- ਫਰਨੀਚਰ ਰੰਗਣ
- ਫਰਨੀਚਰ ਬਣਾਉਣ
- ਕੈਬੀਨਟ ਅਤੇ ਸ਼ੈਲਫ਼ਾਂ ਬਣਾਉਣ
- ਲੱਕੜ ਦੀਆਂ ਦੁਕਾਨਾਂ
- ਲੱਕੜ ਰੰਗਣ ਵਾਲਿਆਂ ਨੂੰ



## ਕੰਮ ਕਰਨ ਦੇ ਸਹੀ ਢੰਗ

ਮੀਂਹ ਦੇ ਨਾਲਿਆਂ ਅਤੇ ਅਖੀਰ ਆਪਣੀਆਂ ਨਦੀਆਂ ਦੇ ਪਾਣੀ ਨੂੰ ਪ੍ਰਦੂਸ਼ਣ ਬਚਾਉਣ ਲਈ ਕ੍ਰਿਪਾ ਕਰਕੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ:

- ਰੰਗੀ ਹੋਈ ਲੱਕੜ ਦੇ ਰੰਗ ਨੂੰ ਉਤਾਰਣ ਲਈ ਤੇਲ ਦੀ ਵਰਤੋਂ ਨਾ ਕਰੋ
- ਸਗੋਂ ਮਸ਼ੀਨੀ ਢੰਗ ਵਰਤੋ ਜਿਵੇਂ ਕਿ ਹੱਥ ਨਾਲ ਰਗੜਨਾ, ਹੀਟ ਗਨ ਜਾਂ ਬਿਜਲੀ ਦੀ ਮਸ਼ੀਨ ਨਾਲ ਖੁਰਚਣਾ।
- ਰਸਾਇਣਕ ਜਾਂ ਮਸ਼ੀਨੀ ਪੇਂਟ ਦੀਆਂ ਉੱਤਰੀਆਂ ਪਰਤਾਂ, ਰੋਗਨ, ਸੁੱਕੇ ਪੇਂਟ ਦੀਆਂ ਪੇਪੜੀਆਂ ਅਤੇ ਧੂੜ ਵਿੱਚ ਸਿੱਕਾ, ਪਾਰਾ, ਧਾਤ ਜਾਂ ਹੋਰ ਖ਼ਤਰਨਾਕ ਜਾਂ ਵਗਣ ਵਾਲੇ ਪਦਾਰਥ ਹੋ ਸਕਦੇ ਹਨ ਜਿਹੜੇ ਐਨਵਾਇਰਮੈਂਟਲ ਮੈਨੇਜਮੈਂਟ ਐਕਟ ਦੇ ਅਧੀਨ "ਸਪੈਸ਼ਲ ਵੇਸਟ" ਕਰਕੇ ਵਿਸ਼ੇਸ਼ ਢੰਗ ਨਾਲ ਸੁੱਟੇ ਜਾਣ ਦੇ ਯੋਗ ਹੋਣ। ਇਸ ਲਈ ਬੀ ਸੀ ਮਨਿਸਟਰੀ ਆਫ਼ ਐਨਵਾਇ-ਰਮੈਂਟ ਨਾਲ ਸੰਪਰਕ ਕਰੋ।
- ਪੇਂਟ ਉਤਾਰਣ ਲਈ ਹਮੇਸ਼ਾ ਨਿੰਬੂ ਰਲੇ ਪਦਾਰਥਾਂ ਦੀ ਵਰਤੋਂ ਕਰੋ ਇਹ ਦੂਜੇ ਪਦਾਰਥਾਂ ਨਾਲੋਂ ਘੱਟ ਜ਼ਹਿਰੀਲੇ ਹੁੰਦੇ ਹਨ।
- ਪੇਂਟ ਦੇ ਬੁਰਸ਼ ਜਾਂ ਹੋਰ ਚੀਜ਼ਾਂ ਅਜਿਹੀ ਥਾਂ 'ਤੇ ਸਾਫ਼ ਨਾ ਕਰੋ ਜਿੱਥੇ ਜਿੱਥੋਂ ਦਾ ਪਾਣੀ ਮੀਂਹ ਦੇ ਨਾਲਿਆਂ ਵਿੱਚ ਜਾਂਦਾ ਹੋਵੇ।
- ਪਾਣੀ ਦੇ ਆਧਾਰ ਵਾਲਾ ਪੇਂਟ ਕਰਨ ਲੱਗਿਆਂ ਬੁਰਸ਼ 'ਤੇ ਲੱਗਾ ਪੇਂਟ ਧ ਵਰਤੋ।ਵੱਧ ਤੋਂ ਵੱਧ ਵਰਤੋ ਅਤੇ ਬੁਰਸ਼ ਉੱਥੇ ਧੋਵੋ ਜਿੱਥੋਂ ਦਾ ਪਾਣੀ ਸੀਵਰੇਜ ਵਿੱਚ ਜਾਂਦਾ ਹੋਵੇ।
- ਤੇਲ ਰਲੇ ਪੇਂਟ ਨੂੰ ਕਰਨ ਲੱਗਿਆਂ ਵੀ ਬੁਰਸ਼ 'ਤੇ ਲੱਗਾ ਪੇਂਟ ਵੱਧ ਤੋਂ ਵੱਧ ਵਰਤੋ। ਬੁਰਸ਼ ਨੂੰ ਥਿਨਰ ਨਾਲ ਸਾਫ਼ ਕਰੋ ਅਤੇ ਥਿਨਰ ਨੂੰ ਛਾਣ ਕੇ ਮੁੜ ਵਰਤੋ।
- ਵਰਤੇ ਹੋਏ ਤੇਲ ਅਤੇ ਥਿਨਰ ਇੱਕਠੇ ਕਰੋ, ਉਹਨਾਂ ਨੂੰ ਮੀਂਹ ਦੇ ਨਾਲਿਆਂ, ਪਾਈਪਾਂ ਵਿੱਚ ਨਾ ਜਾਣ ਦਿਓ ਅਤੇ ਨਾ ਹੀ ਗਾਰਬੇਜ ਵਿੱਚ ਸੁੱਟੋ।
- ਸਾਰਾ ਬਚਿਆ ਹੋਇਆ ਪੇਂਟ, ਤੇਲ ਅਤੇ ਹੋਰ ਸਮਾਨ ਜਮ੍ਹਾ ਕਰ ਲਓ।ਜਮ੍ਹਾਂ ਕੀਤਾ ਸਮਾਨ ਅਗਲੀ ਵਾਰ ਵਰਤੋ ਜਾਂ ਦਾਨ ਕਰ ਦਿਓ। ਜਾਂ ਬਚਿਆ ਪੇਂਟ ਆਪਣੀ ਨੇੜੇ ਦੀ ਆਰ ਸੀ ਬੀ ਸੀ ਰੀਸਾਈਕਲਿੰਗ ਹੌਟਲਾਈਨ ਨੂੰ ਫੋਨ ਕਰਕੇ, ਉੱਥੇ ਜਮ੍ਹਾਂ ਕਰਾਓ।
- ਲੱਕੜ ਦਾ ਕੰਮ ਕਰਦੇ ਹੋਏ ਜਿਹੜੀ ਧੂੜ ਇੱਕਠੀ ਹੁੰਦੀ ਹੈ, ਉਸਨੂੰ ਸਮੇਂ ਸਮੇਂ ਸਿਰ ਸਾਫ਼ ਕਰਦੇ ਰਹੋ। ਇਸ ਧੂੜ ਨੂੰ ਸਾਫ਼ ਕਰਨ ਲਈ ਵੈਕਿਊਮ ਕਲੀਨਰ ਜਾਂ ਬਿਜਲੀ ਨਾਲ ਚੱਲਣ ਵਾਲੇ ਸਵੀਪਰ ਦੀ ਵਰਤੋ ਕਰੋ ਤਾਂ ਜੋ ਇਸ ਧੂੜ ਦੇ ਉੱਡਣ ਨਾਲ ਹਵਾ ਵਿੱਚ ਪ੍ਰਦੂਸ਼ਨ ਨਾ ਫੈਲੇ ਅਤੇ ਸਫ਼ਾਈ ਵੀ ਚੰਗੀ ਤਰ੍ਹਾਂ ਹੋ ਜਾਵੇ।
- ਲੱਕੜ ਦੇ ਟੁਕੜੇ ਅਤੇ ਬੂਰਾ ਅਜਿਹੀ ਥਾਂ 'ਤੇ ਇੱਕਠੇ ਨਾ ਕਰੋ ਜਿੱਥੋਂ ਉਹ ਮੀਂਹ ਦੇ ਨਾਲਿਆਂ ਵਿੱਚ ਵੱਗ ਜਾਣ।
- ਆਪਣੇ ਕਾਮਿਆਂ ਨੂੰ ਰਸਾਇਣਾਂ ਅਤੇ ਬਚੇ ਸਮਾਨ ਦੀ ਸਹੀ ਵਰਤੋ ਕਰਨਾ ਸਿਖਾਓ। ਉਹਨਾਂ ਨੂੰ ਇਹ ਵੀ ਸਿਖਾਓ ਕਿ ਪੇਂਟ ਵਿੱਚ ਥੋੜਾ ਥਿਨਰ ਪਾਕੇ ਕਰਨ ਨਾਲ ਪੇਂਟ ਦੀਆਂ ਘੱਟ ਪਰਤਾਂ ਕਰਨੀਆਂ ਪੈਂਦੀਆਂ ਹਨ।